# TALLY:-

Ques1. What do you mean by tally accounting?

Ans1. **a. Accounting:-** ਇਹ ਵਪਾਰ ਦੀ ਭਾਸ਼ਾ ਹੈ। ਵਪਾਰ ਨੂੰ ਚਲਾਉਣ ਲਈ ਹਰ ਇਕ ਵਪਾਰੀ ਲਈ accounting ਬਹੁਤ ਹੀ ਮਹੱਤਵਪੂਰਨ ਹੈ।

**b. Accounting system:-** ਇਸ ਵਿੱਚ ਸਾਨੂੰ ਇਹ ਪਹਿਲਾ ਤੋਂ ਹੀ plan ਕੀਤਾ ਹੁੰਦਾ ਹੈ ਕਿ ਵਪਾਰੀ ਨੇ ਉਦੇਸ਼ ਨੂੰ ਪ੍ਰਾਪਤ ਕਰਨ ਲਈ ਕੀ ਕੰਮ ਕਰਨਾ ਹੈ। ਜੇਕਰ ਦੇਖਿਆ ਜਾਵੇ ਤਾਂ accounting system ਕੁੱਝ ਵੀ ਨਹੀਂ ਹੈ ਪਰ accounting system ਦੀ help ਨਾਲ ਕੋਈ ਵੀ business ਆਪਣੇ record ਬਹੁਤ ਆਸਾਨੀ ਨਾਲ ਸੁਰੱਖਿਅਤ ਰੱਖ ਸਕਦਾ ਹੈ।

**c. Accounting:-** ਇਹ finance ਨਾਲ ਸੰਬੰਧਿਤ ਹੁੰਦੀ ਹੈ।

**d. Accounting system:-** ਇਸ ਵਿੱਚ mainly finance ਨਾਲ related items ਪੈਂਦੀਆਂ ਹਨ।

Ques2. What do you mean by computerized accounting?

Ans2. **a. Computerized accounting:-** ਇਸਤੋਂ ਭਾਵ ਹੈ ਕਿ accounting system ਨੂੰ computer ਦੀ help ਨਾਲ computerized accounting ਦੇ ਵਿਚ user computer ਨੂੰ input ਦੇਵੇਗਾ। computer, processing ਤੋਂ ਬਾਅਦ Output ਦਿਖਾਉਦਾਂ ਹੈ।

Ques3. What do you mean by tally?

Ans3. **Tally:-** tally ਤੋਂ ਭਾਵ business ਦੀਆਂ ਹੋਣ ਵਾਲੀਆਂ activities ਨੂੰ computer ਦੇ ਵਿੱਚ record ਕਰਨਾ। tally ਇਕ ਅਜਿਹਾ software ਹੈ ਜਿਸ ਵਿੱਚ ਵਪਾਰੀ ਵਪਾਰ ਦੇ ਲੇਣ-ਦੇਣ ਨੂੰ ਸੁਰੱਖਿਅਤ ਰੱਖ ਸਕਦਾ ਹੈ tally ਵਿੱਚ ਵਪਾਰ ਨੂੰ ਹੋਣ ਵਾਲੇ profit & loss ਦਾ ਆਸਾਨੀ ਨਾਲ ਪਤਾ ਲੱਗ ਸਕਦਾ ਹੈ ਕਿ tally finance ਦੇ ਮਿਲਣ ਕਰਨ ਵਿੱਚ ਸਹਾਇਕ ਸਿੱਧ ਹੋਈ ਹੈ।

Ques4. What do you mean by business?

Ans4. **Business:-** business ਤੋਂ ਭਾਵ ਹੈ ਕਿ ਉਹ ਸੰਸਥਾ ਜੋ ਕਿ profit ਕਮਾਉਣ ਲਈ ਕਿਸੇ ਵਪਾਰੀ ਦੁਆਰਾ ਸ਼ੁਰੂ ਕੀਤੀ ਜਾਂਦੀ ਹੈ। ਵਪਾਰੀ ਦਾ ਮੁੱਖ ਉਦੇਸ਼ ਲਾਭ ਕਮਾਉਣਾ ਹੁੰਦਾ ਹੈ। ਪਰੰਤੂ ਇਹ ਜ਼ਰੂਰੀ ਨਹੀਂ ਹੈ ਕਿ ਵਪਾਰ ਨੂੰ ਹਰ ਸਾਲ ਲਾਭ ਹੀ ਪ੍ਰਾਪਤ ਹੋਵੇ ਕਿਸੇ ਕਾਰਨ ਵਪਾਰ ਨੂੰ ਹਾਨੀ ਵੀ ਹੋ ਸਕਦੀ ਹੈ। ਵਪਾਰੀ ਦਾ ਉਦੇਸ਼ ਵਪਾਰ ਨੂੰ ਲਾਭ ਪ੍ਰਾਪਤ ਕਰਵਾਉਣਾ ਹੁੰਦਾ ਹੈ ਵਪਾਰ ਦੇ ਲਾਭ ਜਾਂ ਹਾਨੀ ਦਾ ਪਤਾ ਲਗਾਉਣਾ ਲਈ tally ਦੀ ਵਰਤੋਂ ਕੀਤੀ ਜਾਂਦੀ ਹੈ।

## Some Terms of tally:-

1. **Proprietor/owner:-** (ਮਾਲਿਕ) ਜਿਹੜਾ ਵਿਅਕਤੀ ਕਿਸੇ ਵਪਾਰ ਨੂੰ ਸ਼ੁਰੂ ਕਰਨ ਲਈ ਪਹਿਲ ਕਰਦਾ ਹੈ। ਆਪਣੇ ਪੈਸੇ ਦਾ ਨਿਵੇਸ਼ ਕਰਦਾ ਹੈ। ਵਪਾਰ ਵਿੱਚ ਹੋਣ ਵਾਲੀ ਜੋਖਮਾਂ ਨੂੰ ਆਪਣੇ ਸਿਰ ਤੇ ਲੈਂਦਾ ਹੈ ਉਸਨੂੰ owner ਕਿਹਾ ਜਾਂਦਾ ਹੈ।
2. **Capital:-** (ਪੂੰਜੀ) ਮਾਲਿਕ ਦੁਆਰਾ ਸ਼ੁਰੂ ਕੀਤੀ ਗਏ ਵਪਾਰ ਵਿੱਚ ਕੀਤਾ ਗਿਆ ਖਰਚ਼ 'ਪੂੰਜੀ' ਅਖਵਾਉਂਦੀ ਹੈ। ਕੀਤਾ ਗਿਆ ਖਰਚ਼ ਨਕਦੀ ਵੀ ਹੋ ਸਕਦਾ ਹੈ ਤੇ ਉਧਾਰ ਵੀ ਲਾਭ ਦੇ ਵਧਣ ਤੇ ਵੱਧਦੀ ਹੈ ਤੇ ਲਾਭ ਘੱਟਣ ਤੇ ਘੱਟਦੀ ਹੈ।
3. **Drawings:-** (ਨਿੱਜੀ ਵਰਤੋਂ/ਘਰੇਲੂ ਖਰਚ਼) ਮਾਲਿਕ ਵੱਲੋਂ ਆਪਣੇ ਨਿਜੀ ਵਰਤੋਂ ਲਈ ਕਢਵਾਈ ਰਾਸ਼ੀ ਜਾਂ ਖਰਚ਼ ਕੀਤਾ ਧਨ ਹੀ drawings ਅਖਵਾਉਂਦਾ ਹੈ। ਇਹ drawings ਮਾਲ, ਧਨ ਜਾਂ ਸੰਪਤਿਆਂ ਦੇ ਰੂਪ ਵਿੱਚ ਵੀ ਹੋ ਸਕਦੀਆਂ ਹਨ।
4. **Debtors:-** (ਦੇਣਦਾਰ) ਉਹ ਵਿਅਕਤੀ ਜਿਸ ਤੋਂ ਵਪਾਰ ਨੂੰ ਵੇਚੇ ਗਏ ਮਾਲ ਜਾਂ ਪ੍ਰਦਾਨ ਕੀਤੀਆਂ ਸੇਵਾਵਾਂ ਦੇ ਬਦਲੇ ਕੋਈ ਰਕਮ ਲੈਣੀ ਹੈ ਉਸਨੂੰ debtors ਕਿਹਾ ਜਾਂਦਾ ਹੈ। ਸਾਰੇ ਦੇਣਦਾਰ ਨੂੰ 'ਫੁੱਟਕਲ ਦੇਣਦਾਰ' (sundry debtors) ਜਾਂ 'ਕੁੱਲ ਦੇਣਦਾਰ' (total debtors) ਕਿਹਾ ਜਾਂਦਾ ਹੈ। **example**:- ਪਾਲ (ਮਾਲਿਕ) ਨੇ ਕਰਮ ਨੂੰ 1000 ਰੁ. ਦਾ ਮਾਲ ਵੇਚਿਆ ਉਦਾਹਰਣ ਵਿੱਚ ਪਾਲ ਲੈਣਦਾਰ ਹੈ ਕਰਮ ਦੇਣਦਾਰ ਕਿਉਂਕਿ ਪਾਲ (ਮਾਲਿਕ) ਨੇ ਵਿੱਚ ਕਰਕ ਲੈਂਦੀ ਹੈ।
5. **Creditors:-** (ਲੈਣਦਾਰ) ਉਹ ਵਿਅਕਤੀ ਜਿਸਨੂੰ ਮਾਲਿਕ ਨੇ ਖਰੀਦੇ ਗਏ ਮਾਲ, ਪ੍ਰਾਪਤ ਕੀਤੀਆਂ ਸੇਵਾਵਾਂ ਜਾਂ ਰਿਣ ਦੇ ਰੂਪ ਵਿੱਚ ਕੋਈ ਰਕਮ ਦੇਣੀ ਹੈ ਉਸ ਨੂੰ ਲੈਣਦਾਰ ਕਿਹਾ ਜਾਂਦਾ ਹੈ।

**example:-** ਹਰਿੰਦਰ (ਮਾਲਿਕ) ਨੇ ਗੁਰਨਾਮ ਤੋਂ 10,000 ਰੁ. ਦਾ ਮਾਲ ਖਰੀਦਿਆ। ਉਦਾਹਰਣ ਵਿੱਚ ਹਰਿੰਦਰ (ਮਾਲਿਕ) ਦੇਣਦਾਰ ਹੈ ਤੇ ਗੁਰਨਾਮ ਲੈਣਦਾਰ ਕਿਉਂਕਿ ਹਰਿੰਦਰ ਨੇ ਪ੍ਰਾਪਤ ਰਕਮ ਕਰਨੀ ਹੈ।

6. **Business transactions:**- ਕਿਸੇ ਵਪਾਰ ਦੁਆਰਾ ਕਿਸੇ ਹੋਰ ਵਿਅਕਤੀ ਨਾਲ ਹੋਰ ਕਿਸੇ ਤਰ੍ਹਾਂ ਦਾ ਲੈਣ ਦੇਣ ਜੋ ਕਿ ਮਾਲਕ ਦੇ ਸੰਬੰਧ ਵਿਚ ਜਾਂ ਉਧਾਰ ਵੀ ਹੋ ਸਕਦਾ ਹੈ ਉਸਨੂੰ ਵਪਾਰਕ ਲੈਣ ਦੇਣ ਕਿਹਾ ਜਾਂਦਾ ਹੈ। ਵਪਾਰਕ ਲੈਣ ਦੇਣ ਵਪਾਰ ਦੀ ਆਰਥਿਕਤਿਆਂ ਹੁੰਦੀ ਹੈ ਜੋ ਕਿ ਉਸਦੀ ਵਿੱਤੀ ਸਥਿਤੀ ਨੂੰ ਬਦਲ ਦਿੰਦੀ ਹੈ।
7. **Receivable:**- (ਪ੍ਰਾਪਤੀ ਯੋਗ):- ਇਸਦਾ ਅਰਥ ਹੈ ਉਹ ਰਕਮ ਜੋ ਬਾਹਰ ਦੇ ਵਿਅਕਤੀ ਨੇ ਵਪਾਰੀ ਨੂੰ ਦੇਣੀ ਹੈ। ਜਦੋਂ ਕਿਸੇ ਗ੍ਰਾਹਕ ਨੂੰ ਉਧਾਰ ਮਾਲ ਵੇਚਿਆ ਜਾਂਦਾ ਹੈ ਤਾਂ ਉਹ ਵਿਕ੍ਰੇਤਾ ਦੁਆਰਾ ਲਿਖੇ ਗਏ ਵਟਾਂਦਰਾ ਪੱਤਰ ਨੂੰ ਸਵੀਕਾਰ ਕਰਦਾ ਹੈ। ਲੈਣਦਾਰ ਲਈ ਇਹ ਪ੍ਰਾਪਤੀ ਯੋਗ ਹੁੰਦਾ ਹੈ ਇਹ ਇਕ ਸਾਲ ਦੇ ਅੰਦਰ-ਅੰਦਰ ਪ੍ਰਾਪਤੀ ਯੋਗ ਹੁੰਦੀ ਹੈ ਤੇ ਇਹ ਚਾਲੂ ਸੰਪਤੀਆਂ ਦਾ ਹਿੱਸਾ ਹੁੰਦਾ ਹੈ।
8. **Payables:**- (ਅਦਾਇਗੀ ਯੋਗ):- ਇਹ ਉਹ ਰਕਮ ਹੁੰਦੀ ਹੈ ਜੋ ਵਪਾਰੀ ਨੇ ਬਾਹਰ ਦੇ ਵਿਅਕਤੀ ਨੂੰ ਦੇਣੀ ਹੈ ਜਦੋਂ ਵਪਾਰ ਵਜੋਂ ਉਧਾਰ ਸਾਲ ਖਰੀਦਿਆ ਜਾਂਦਾ ਹੈ ਤਾਂ ਉਹ ਦੇਣਦਾਰ ਦੁਆਰਾ ਲਿਖੇ ਵਟਾਂਦਰਾਂ ਪੱਤਰ ਨੂੰ ਸਵੀਕਾਰ ਕਰਦਾ ਹੈ ਦੇਣਦਾਰ ਲਈ ਇਹ ਅਦਾਇਗੀ ਯੋਗ ਹੁੰਦਾ ਹੈ ਇਹ ਇਕ ਸਾਲ ਦੇ ਅੰਦਰ ਅਦਾ ਕਰਨੀ ਹੁੰਦੀ ਹੈ ਚਾਲੂ ਦੇਣਦਾਰੀਆਂ ਦਾ ਹਿੱਸਾ ਹੁੰਦਾ ਹੈ।
9. **Purchase :**- (ਖਰੀਦ):- ਉਤਪਾਦਨ ਦੇ ਲਈ ਖਰੀਦਿਆਂ ਗਿਆ ਕੱਚਾ ਮਾਲ ਜਾਂ ਵਿਕਰੀ ਲਈ ਖਰੀਦਿਆ ਤਿਆਰ ਮਾਲ (ਖਰੀਦ) ਅਖਵਾਉਂਦੀ ਹੈ ਖਰੀਦ ਲਈ ਕੀਤੀ ਜਾਂਦੀ ਹੈ ਨਾਂ ਕਿ ਸੰਪਤੀਆਂ ਦੀ ਖਰੀਦ ਲਈ ਖਰੀਦ ਨਕਦ ਵੀ ਹੋ ਸਕਦੀ ਹੈ ਤੇ ਉਧਾਰ ਵੀ। **example:-** ਹਰੀਸ਼ ਨੇ ਕੰਪਿਊਟਰ, ਫਰਨੀਚਰ 40,000 ਰੁ. ਦਾ ਖਰੀਦਿਆ ਇਹ ਹਰੀਸ਼ ਦੀ ਖਰੀਦ ਹੈ।
10. **Sale:**- (ਵਿਕਰੀ):- ਤਿਆਰ ਸਾਲ ਦੀ ਵਿਕਰੀ ਲਈ sale ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ ਮਾਲਿਕ ਵਲੋਂ ਵੇਚਿਆ ਗਿਆ ਮਾਲ ਵਿਕਰੀ ਕਹਾਉਂਦੀ ਹੈ। ਵਿਕਰੀ ਸ਼ਬਦ ਵੀ ਹੋ ਸਕਦੀ ਹੈ ਤੇ

ਉਧਾਰ ਵੀ। **examples:-** ਸੁਰਿੰਦਰ ਨੇ ਕੰਪਿਊਟਰ 15,000 ਦਾ ਵੇਚਿਆ ਇਹ ਸੁੰਰਿਦਰ ਦੀ ਵਿਕਰੀ ਹੈ।

***11.*****Purchase return/return outward:**- (ਖਰੀਦ ਵਾਪਸੀ):- ਮਾਲਿਕ ਵਲੋਂ ਖਰੀਦਿਆ ਗਿਆ ਮਾਲ ਜਦੋਂ ਵਾਪਸ ਕੀਤਾ ਜਾਂਦਾ ਹੈ ਤਾਂ ਇਹ ਖਰੀਦ ਵਾਪਸੀ ਹੁੰਦੀ ਹੈ ਵ੍ਰਿਰੇਤਾ ਨੂੰ ਵਾਪਿਸ ਕੀਤੇ ਮਾਲ ਦਾ ਕਾਰਨ ਨਿਰਦੇਸ ਅਨੁਸਾਰ ਨਾ ਹੋਣਾ, ਖਰਾਬ ਮਾਲ, ਲੋੜ ਤੋਂ ਵੱਧ ਹੋ ਸਕਦਾ ਹੈ।

***12.*****Sale return/return inward:**- ਜਦੋਂ ਮਾਲਿਕ ਵਲੋਂ ਵੇਚਿਆ ਗਿਆ ਮਾਲ ਵਾਪਿਸ ਕੀਤਾ ਜਾਂਦਾ ਹੈ ਤਾਂ ਉਹ ਵਿਕਰੀ ਵਾਪਿਸ ਕਹਾਉਂਦੀ ਹੈ ਇਹ ਵੇਚੇ ਗਏ ਮਾਲ ਦਾ ਉਹ ਹਿੱਸਾ ਹੁੰਦਾ ਹੈ ਜੋ ਗ੍ਰਾਹਕ ਵਲੋਂ ਵਪਾਰੀ ਨੂੰ ਵਾਪਸ ਕੀਤਾ ਜਾਂਦਾ ਹੈ ਵਾਪਸੀ ਦਾ ਕਾਰਨ ਖਰਾਬ, ਮਾਲ ਨਿਰਦੇਸ਼ ਅਨੁਸਾਰ ਨਾ ਹੋਣਾ:- **example:-** ਅਮਨ ਨੇ 12,000 ਰੁ. ਦਾ ਮਾਲ ਵੇਚਿਆ ਤੇ 2000 ਵਿਕਰੀ ਵਾਪਸ ਹੈ ਜਿਸ ਵਿਚ 10,000 ਰੁ. ਦੀ ਸ਼ੁੱਧ ਵਿਕਰੀ ਹੈ।

***13.*****Goods:**- (ਮਾਲ):- ਇਸਦਾ ਅਰਥ ਹੈ ਉਹ ਸਾਰੀਆਂ ਵਸਤਾਂ ਜੋ ਵਪਾਰੀ ਦੀ ਸਧਾਰਣ ਪ੍ਰਕਿਰਿਆਂ ਵਿੱਚੋਂ ਅੱਗੇ ਵੇਚਣ ਲਈ ਖਰੀਦਿਆਂ ਹਨ ਇਹ ਵਸਤੂਆਂ ਕੱਚੇ ਮਾਲ ਜਾਂ ਤਿਆਰ ਮਾਲ ਦੋਨਾਂ ਵਿਚ ਹੋ ਸਕਦੀਆਂ ਹਨ।

***14.*****Assets:**- (ਸੰਪੱਤੀ):- ਸੰਪੱਤੀ ਆਰਥਿਕ ਸਾਧਨ ਹੁੰਦੀ ਹੈ ਜਿਸ ਤੋਂ ਵਪਾਰੀ ਨੂੰ ਭਵਿੱਖ ਵਿਚ ਲਾਭ ਪ੍ਰਾਪਤ ਹੋਣ ਦੀ ਆਮ ਹੋਵੇ, ਸੰਪੱਤੀਆਂ ਤਿੰਨ ਤਰ੍ਹਾਂ ਦੀਆਂ ਹੁੰਦੀਆਂ ਹਨ।

*a)* **Fixed assets.**
*b)* **Current assets.**
*c)* **Fictitious assets.**

***A.*** **Fixed assets:-** (ਸਥਾਈ ਸੰਪੱਤੀਆਂ):- ਇਹ ਉਹ ਸੰਪੱਤੀਆਂ ਹੁੰਦੀਆਂ ਹਨ ਜੋ ਸਿਰਫ਼ ਲੰਬੇ ਸਮੇਂ ਦੀ ਵਰਤੋਂ ਲਈ ਖਰੀਦਿਆਂ ਜਾਂਦੀਆਂ ਹਨ ਇਹਨਾਂ ਤੋਂ ਲੰਬੇ ਸਮੇਂ ਲਈ ਲਾਭ ਪ੍ਰਾਪਤ ਕੀਤਾ ਜਾਂਦਾ ਹੈ ਜਿਵੇਂ:- ਮਸ਼ੀਨਰੀ, ਭਵਨ, ਫਰਨੀਚਰ ਆਦਿ।

***B.*** **Current assets:-** ਇਹ ਉਹ ਸੰਪੱਤੀਆਂ ਹੁੰਦੀਆਂ ਹਨ ਜੋ ਸਿਰਫ਼ ਥੋੜੇ ਸਮੇਂ ਲਈ ਹੀ ਹੁੰਦੀਆ ਹਨ ਇਹਨਾਂ ਤੋਂ ਥੋੜੇ ਸਮੇਂ ਲਈ ਹੀ ਲਾਭ ਪ੍ਰਾਪਤ ਹੁੰਦਾ ਹੈ।

*C.* **<u>Fictitious assets:-</u>** (ਕਾਲਪਨਿਕ ਸੰਪੱਤੀਆਂ):- ਇਹ ਉਹ ਸੰਪੱਤੀਆਂ ਹੁੰਦੀਆ ਹਨ ਜਿਹਨਾਂ ਦਾ ਕੋਈ ਭੌਤਿਕ ਰੂਪ ਨਾ ਹੋਵੇ।

*15.* **<u>Liabilities:-</u>** (ਦੇਣਦਾਰੀਆਂ):- ਇਹ ਉਹ ਰਕਮਾਂ ਹੁੰਦੀਆਂ ਹਨ ਜੋ ਕਿਸੇ ਵਿਅਕਤੀ (ਦੇਣਦਾਰ) ਦੁਆਰਾ ਕਿਸੇ ਵਿਅਕਤੀ (ਲੈਣਦਾਰ) ਨੂੰ ਰੁਪਏ ਜਾਂ ਸੇਵਾਵਾਂ ਦੇ ਰੂਪ ਅਦਾਇਗੀ ਯੋਗ ਹੁੰਦਾ ਹੈ।

**<u>examples:-</u>** ਜਸਮੀਤ ਨੇ ਮਨਪ੍ਰੀਤ ਤੋਂ 1000 ਰੁ. ਦਾ ਉਧਾਰ ਖਰੀਦਿਆ ਇਸ ਵਿਚ ਜਸਮੀਤ ਦੀ 1000 ਰੁ. ਦੇਣਦਾਰੀ ਹੈ। ਇਹ ਤਿੰਨ ਤਰ੍ਹਾਂ ਦੀਆਂ ਹੁੰਦੀਆਂ ਹਨ:-

*a)* **Fixed liabilities.**
*b)* **Current liabilities.**
*c)* **Contingent liabilities.**

*A.* **<u>Fixed liabilities:-</u>** (ਸਥਾਈ ਦੇਣਦਾਰੀ):- ਇਹ ਉਹ ਦੇਣਦਾਰੀ ਹੈ ਜੋ ਲੰਬੇ ਸਮੇਂ ਲਈ ਹੁੰਦਾ ਹੈ ਇਸਨੂੰ ਸਥਾਈ ਦੇਣਦਾਰੀ ਕਿਹਾ ਜਾਂਦਾ ਹੈ ਇਹ ਇਕ ਸਾਲ ਤੋਂ ਵੱਧ-ਵੱਧ ਲਈ ਹੁੰਦੀ ਹੈ।

*B.* **<u>Current liabilities</u>:-** (ਚਾਲੂ ਦੇਣਦਾਰੀ):- ਇਸ ਤਰ੍ਹਾਂ ਦੀ ਦੇਣਦਾਰੀ ਥੋੜੇ ਸਮੇਂ ਲਈ ਹੁੰਦੀ ਹੈ ਜਿਹਨਾਂ ਨੂੰ ਇਕ ਸਾਲ ਦੇ ਅੰਦਰ-ਅੰਦਰ ਕਰਨਾ ਹੁੰਦਾ ਹੈ ਇਸਨੂੰ ਚਾਲੂ ਦੇਣਦਾਰੀ ਜਾਂ ਥੋੜੇ ਸਮੇਂ ਦੀ ਦੇਣਦਾਰੀ ਕਿਹਾ ਜਾਂਦਾ ਹੈ।

*C.* **<u>Contingent liabilities</u>:-** (ਅਚਨਚੇਤ ਦੇਣਦਾਰੀ):- ਇਸ ਤਰ੍ਹਾਂ ਦੀ ਦੇਣਦਾਰੀ ਅਤੇ ਇਹ ਉਹ ਅਦਾਇਗੀ ਯੋਗ ਹੋ ਵੀ ਸਕਦੀ ਹੈ ਤੇ ਨਹੀਂ ਵੀ ਹੋ ਸਕਦੀ ਹੈ ਇਸਦਾ ਅਸਲ ਕਾਰਨ ਭਵਿੱਖ ਵਿਚ ਹੀ ਪਤਾ ਲੱਗਦਾ ਹੈ ਕਿ ਉਹ ਅਸਲ ਵਿਚ ਦੇਣਦਾਰੀ ਹੈ ਵੀ ਕਿ ਨਹੀਂ।

*16.* **<u>Stock:-</u>** (ਸਟਾੱਕ):- ਇਹ ਸਾਲ ਜੋ ਅਵ-ਵਿਕਿਆ ਹੈ ਜਾਂ ਵੇਚਣ ਲਈ ਰੱਖਿਆ ਗਿਆ ਹੈ ਉਸਨੂੰ ਸਟਾੱਕ ਕਿਹਾ ਜਾਂਦਾ ਹੈ।

*a)* **Opening stock.**
*b)* **Closing stock.**

*A.* **<u>Opening stock:-</u>** ਇਹ ਉਹ ਸਟਾਕ (ਮਾਲ) ਹੁੰਦਾ ਹੈ ਜੋ ਸਾਲ ਦੇ ਆਰੰਭ ਵਿੱਚ ਵਪਾਰ ਕੋਲ ਹੁੰਦਾ ਹੈ ਤੇ ਵੇਚਣ ਲਈ ਖਰੀਦਿਆ ਹੁੰਦਾ ਹੈ।

*B.* **<u>Closing stock:-</u>** ਇਹ ਉਹ ਸਟਾੱਕ ਹੁੰਦਾ ਹੈ ਜੋ ਕਿ current year ਦੇ ਅੰਤ ਵਿਚ ਆ ਕੇ ਬਚ ਜਾਂਦਾ ਹੈ ਜਾਂ ਜੋ ਹਾਲੇ ਤੱਕ ਵਿਕਿਆਂ ਨਹੀਂ ਹੁੰਦਾ ਹੈ।

*17.* **<u>Expenses:-</u>** (ਖਰਚੇ):- ਉਦੇਸ਼ ਦੁਆਰਾ ਸ਼ੁਰੂ ਕੀਤੇ ਵਪਾਰ ਨੂੰ ਸ਼ੁਰੂ ਕਰਨ ਲਈ ਕੀਤੇ ਗਏ ਖਰਚ ਹੀ expenses ਹੁੰਦੇ ਹਨ ਇਹ ਵਪਾਰ ਦੀ ਆਮਦਨ ਨੂੰ ਘਟਾਉਂਦੇ ਹਨ ਇਹ ਦੋ ਪ੍ਰਕਾਰ ਦੇ ਹੁੰਦੇ ਹਨ।

*a)* **Direct expenses.**
*b)* **Indirect expenses.**

*A.* **<u>Direct expenses:-</u>** (ਸਿੱਧੇ ਖਰਚੇ):- ਇਹ ਉਹ ਖਰਚੇ ਹੁੰਦੇ ਹਨ ਜੋ ਵਪਾਰ ਤੇ ਸਿੱਧੇ ਅਸਰ ਕਰਦੇ ਹਨ। **<u>example:-</u>** wages, carriage, inward, purchase etc.

*B.* **<u>Indirect expenses:-</u>** (ਅਸਿੱਧੇ ਖਰਚੇ):- ਉਹ ਖਰਚੇ ਜੋ ਵਪਾਰ ਤੇ ਅਸਰ ਤਾਂ ਕਰਦੇ ਹਨ ਪਰ ਅਸਿੱਧੇ ਤੌਰ ਤੇ ਅਸਰ ਤਾਂ ਕਰਦੇ ਹਨ ਪਰ ਅਸਿੱਧੇ ਤੌਰ ਤੇ। **<u>example:-</u>** salary, carriage, outward, rent, tax etc.

*18.* **<u>Profit:-</u>** (ਲਾਭ):- ਖਰਚਿਆਂ ਉੱਤੇ ਆਮਦਨ ਦਾ ਵਾਧਾ ਹੀ ਲਾਭ ਕਹਾਉਂਦਾ ਹੈ ਲਾਭ ਹਮੇਸ਼ਾ ਵਪਾਰ ਦੀ ਪੂੰਜੀ ਅੰਸ਼ ਵਿਚ ਵਾਧਾ ਕਰਦਾ ਹੈ। **<u>examples:-</u>** ਮਹੇਸ਼ ਨੇ 1000 ਰੁ. ਦੀ ਘੜੀ ਖਰੀਦੀ ਤੇ ਉਸੇ ਘੜੀ ਨੂੰ 1200 ਰੁ. ਵਿਚ ਵੇਚ ਦਿੱਤਾ 1200 ਰੁ. Profit ਹੈ।

*19.* **<u>Loss:-</u>** (ਹਾਨੀ):- ਆਮਦਨ ਉਤੇ ਖਰਚਿਆਂ ਦਾ ਵਾਧਾ ਹੀ ਹਾਨੀ ਹੁੰਦੀ ਹੈ ਇਹ ਵਪਾਰ ਦਾ ਉਹ ਅਣ-ਇਛੱਤ ਬੋਝ ਹੁੰਦਾ ਹੈ ਜੋ ਕਿਸੇ ਪ੍ਰਕਾਰ ਦੀ ਆਮਦਨੀ ਪੈਦਾ ਨਹੀਂ ਕਰ ਸਕਦਾ ਹੈ ਉਹ ਹਮੇਸ਼ਾ ਵਪਾਰ ਦੀ ਪੂੰਜੀ ਨਹੀਂ ਕਰ ਸਕਦਾ ਹੈ ਉਹ ਹਮੇਸ਼ਾ ਵਪਾਰ ਦੀ ਪੂੰਜੀ ਅੰਸ਼ ਨੂੰ ਘਟਾਉਂਦੀ ਹੈ। ਇਹ ਦੋ ਪ੍ਰਕਾਰ ਦੀ ਹੁੰਦੀ ਹੈ:- ਜਿਵੇਂ:-

*A.* **<u>Normal loss:-</u>** (ਸਧਾਰਣ ਹਾਨੀ):- ਉਤਪਾਦਨ ਦੇ ਸੁਭਾਅ ਦੇ ਕਾਰਨ ਪੈਂਦਾ ਹੋਈ ਹਾਨੀ ਸਾਧਾਰਣ ਦੇ ਕਾਰਨ ਦੇ ਕਾਰਨ ਪੈਂਦਾ ਹੋਈ ਹਾਨੀ ਸਾਧਾਰਣ ਹਾਨੀ ਹੁੰਦੀ ਹੈ ਜਿਵੇਂ:- ਸੁੰਗੜ ਜਾਣਾ, ਵੱਜਣ ਘੱਟ ਜਾਣਾ।

***B.*** **Abnormal loss:-** (ਅਸਾਧਾਰਣ ਹਾਨੀ):- ਅਸਾਧਾਰਣ ਹਾਨੀ ਕਿਸੇ ਦੁਰਘਟਨਾ ਜਾਂ ਕੁਦਰਤੀ ਕਾਰਨਾ ਕਾਰਨ ਪੈਂਦੀ ਹੁੰਦੀ ਹੈ ਜਿਵੇਂ:- ਹੜ੍ਹ, ਚੋਰੀ ਆਦਿ।

***20.*** **Income:-** (ਆਮਦਨ):- ਆਮਦਨ ਵਪਾਰਕ ਜਾਂ ਗੈਰ-ਵਪਾਰਕ ਤਿਆਵਾਂ ਤੋਂ ਉਦੇਸ਼ ਦੇ ਸ਼ੁੱਧ ਮੁੱਲ ਵਿਚ ਵਾਧਾ ਹੁੰਦਾ ਹੈ ਇਹ ਇਕ ਵਿਆਪਕ ਸ਼ਬਦ ਹੈ ਜਿਸ ਵਿਚ ਲਾਭ ਵੀ ਸ਼ਾਮਲ ਹੁੰਦਾ ਹੈ ਇਹ ਦੋ ਪ੍ਰਕਾਰ ਦੇ ਹੁੰਦੇ ਹਨ:-

***A.*** **Direct income:-** direct income ਉਹ ਹੁੰਦਾ ਹੈ ਜੋ business ਵਿਚ ਹੋਣ ਵਾਲੀ ਅੰਦੂਰਨੀ ਪ੍ਰਕਿਰਿਆਵਾਂ ਤੋਂ ਪ੍ਰਾਪਤ ਹੁੰਦੀ ਹੈ ਜਿਵੇਂ:- sales ਤੋਂ ਪ੍ਰਾਪਤ ਹੋਣ ਵਾਲੀ Income ਹੀ direct income ਹੁੰਦੀ ਹੈ।

***B.*** **Indirect income:-** ਇਹ ਉਹ ਆਮਦਨ ਹੁੰਦੀ ਹੈ ਜੋ business ਵਿਚ ਹੋਣ ਵਾਲੀ ਪ੍ਰਕਿਰਿਆਵਾਂ ਤੋਂ ਪ੍ਰਾਪਤ ਹੁੰਦੀ ਹੈ ਜਿਵੇਂ:- discount received, commission etc.

***21.*** **Contra entry:-** ਇਹ ਉਹ entry ਹੁੰਦੀ ਹੈ ਜੋ ਉਸ ਸਮੇਂ ਪਾਈ ਜਾਂਦੀ ਹੈ ਜਦੋਂ ਅਸੀਂ ਬੈਂਕ ਵਿਚ ਰਾਸ਼ੀ ਜਮ੍ਹਾਂ ਜਾਂ ਕਢਵਾਉਂਦੇ ਹਾਂ। **examples:-** 1. Deposit into bank Rs. 1000

| | |
|---|---|
| Bank | dr. 1000 |
| Cash | dr. 1000 |

2. Withdraw into bank Rs. 5000

| | |
|---|---|
| Cash | dr. 5000 |
| Bank | cr. 5000 |

22.**Bad debts:-** (ਬੂਰੀ ਦੇਣਦਾਰੀ):- ਉਹ ਦੇਣਦਾਰੀ ਜਿਸਦੀ ਪ੍ਰਾਪਤ ਜਾਂ ਮਿਲਣ ਦੀ ਕੋਈ ਆਸ ਨਾ ਹੋਵੇ। ਉਸਨੂੰ ਬੂਰੀ ਦੇਣਦਾਰੀ ਕਿਹਾ ਜਾਂਦਾ ਹੈ। **example:-** ਕਮਲ ਨੇ ਹਰੀਸ਼ ਨੂੰ 10,000 ਰੁ. ਦਾ ਮਾਲ ਵੇਚਿਆ ਹਰੀਸ਼ ਨੇ 8000 ਰੁ. ਦਿੱਤੇ ਤੇ 2000 ਰੁ. ਦੇਣ ਤੋਂ ਇਨਕਾਰ ਕਰ ਦਿੱਤਾ ਉਦਾਹਰਣ ਵਜੋਂ 2000 ਰੁ. ਦੀ ਬੂਰੀ ਦੇਣਦਾਰੀ ਹੈ।

23. **<u>Discount:</u>**- (ਛੋਟ):- ਇਹ ਉਹ ਰਕਮ ਹੁੰਦੀ ਹੈ ਜੋ ਕਿਸੇ ਉਦੇਸ਼ ਦੁਆਰਾ ਆਪਣੇ ਗ੍ਰਾਹਕ ਨੂੰ ਵੇਚੇ ਗਏ ਮਾਲ ਉਤੇ ਘਟਾਈ ਜਾਂਦਾ ਹੈ ਉਸਨੂੰ ਛੋਟ ਕਹਿੰਦੇ ਹਨ ਪਰ ਮਾਲ ਦੀ ਤੁਰੰਤ ਅਗਵਾਈ ਉਤੇ ਕੀਤੀ ਗਈ ਕਮੀ ਨਕਦ ਛੋਟ ਕਹਾਉਂਦੀ ਹੈ।

24. **<u>Trade discount:</u>**- (ਵਪਾਰਕ ਛੋਟ):- ਕਈ ਵਾਰ ਇਕੇਤਾ ਸੂਚੀ ਵਿਚ ਵਪਾਰੀ ਨੂੰ ਲਾਭ ਕਮਾਉਣ ਲਈ ਦਿੱਤਾ ਜਾਂਦਾ ਹੈ ਇਸਨੂੰ ਵਪਾਰਕ ਛੋਟ ਕਿਹਾ ਜਾਂਦਾ ਹੈ ਇਸਨੂੰ ਹਿਸਾਬ ਕਿਤਾਬ ਦੀਆਂ ਪੁਸਤਕਾਂ ਵਿਚ ਦਰਜ ਨਹੀਂ ਕੀਤਾ ਜਾਂਦਾ ਹੈ।

25. **<u>Journal:</u>**- (ਰੋਜਾਨਾ ਮਾਚਾ):- ਇਹ ਆਰੰਭਿਕ ਲੇਖਿਆਂ ਦੀ ਪੁਸਤਕ ਹੁੰਦੀ ਹੈ ਇਸ ਵਿਚ ਆਰੰਭ ਵਿਚ ਹੋਣ ਵਾਲੇ ਖਰਚੇ ਦਰਜ ਹੁੰਦੇ ਹਨ।

26. **<u>Ledger:</u>**- (ਬਹੀ ਖਾਤਾ):- ਇਹ ਅੰਤਿਮ ਲੇਖਿਆ ਦੀ ਪੁਸਤਕ ਹੁੰਦੀ ਹੈ ਇਸ ਵਿਚ ਸਾਰੇ ਖਰਚ ਦਰਜ ਕੀਤੇ ਜਾਂਦੇ ਹਨ।

27. **<u>ਨਕਦ ਛੋਟ ਅਤੇ ਵਪਾਰਕ ਛੋਟ ਵਿਚ ਅੰਤਰ ਦੱਸੋ?</u>**

**Ans.**

| | **ਨਕਦ ਛੋਟ** | **ਵਪਾਰਕ ਛੋਟ** |
|---|---|---|
| 1 | ਇਹ ਉੱਦਮ ਦੁਆਰਾ ਵੇਚੇ ਗਏ ਮਾਲ ਦੀ ਕੀਮਤ ਤੇ ਦਿੱਤੀ ਗਈ ਛੋਟ ਹੁੰਦੀ ਹੈ। | ਇਹ ਵਿਕ੍ਰੇਤਾ ਦੁਆਰਾ ਆਪਣੀ ਕੀਮਤ ਸੂਚੀ ਤੇ ਦਿੱਤੀ ਗਈ ਕੁੱਛ ਛੋਟ ਹੁੰਦੀ ਹੈ। |
| 2 | ਇਸਨੂੰ ਹਿਸਾਬ ਕਿਤਾਬ ਦੀਆਂ ਪੁਸਤਕਾਂ ਵਿਚ ਸ਼ਾਮਲ ਕੀਤਾ ਜਾਂਦਾ ਹੈ। | ਇਸਨੂੰ ਹਿਸਾਬ ਕਿਤਾਬ ਦੀਆਂ ਪੁਸਤਕਾਂ ਵਿਚ ਨਹੀਂ ਸ਼ਾਮਲ ਕੀਤਾ ਜਾਂਦਾ। |
| 3 | ਇਸਨੂੰ ਬੀਚਕ ਵਿਚ ਘਟਾਇਆ ਜਾਂਦਾ ਹੈ। | ਇਸਨੂੰ ਬੀਚਕ ਵਿਚ ਨਹੀਂ ਘਟਾਇਆ ਜਾਂਦਾ ਹੈ। |
| 4 | ਇਸ ਵਿਚ ਲਾਭ/ਹਾਨੀ ਦੋਨੋਂ ਹੀ ਪ੍ਰਾਪਤ ਹੁੰਦੇ ਹਨ। | ਇਸਤੋਂ ਸਿਰਫ ਲਾਭ ਹੀ ਪ੍ਰਾਪਤ ਹੁੰਦਾ ਹੈ। |

28. **<u>Journal entry:-</u>** journal entry ਤੋਂ ਭਾਵ ਹੈ ਕਿ ਜਦੋਂ business ਵਿੱਚ ਕੋਈ ਵੀ activities ਹੁੰਦੀ ਹੈ ਉਸ activities ਨੂੰ book ਵਿਚ ਜਾਂ ਕਿਸੇ ਹੋਰ ਸੋਰਸ ਵਿਚ store/record ਕਰਨ ਨੂੰ journal entry ਆਖਦੇ ਹਨ। ਜਿਵੇਂ :- business ਦੇ ਵਿਚ ਖਰੀਦ ਵੇਚ ਦੀ ਅਗਵਾਈ ਨੂੰ ਵੀ ਇਸ ਵਿਚ ਦਰਜ ਕੀਤਾ ਜਾਂਦਾ ਹੈ ਭਾਵ ਵਪਾਰ ਵਿਚ ਕਿਸੇ ਵੀ ਪ੍ਰਕਾਰ ਦੀ ਆਮਦਨ/ਖਰਚ ਨੂੰ ਇਸੇ ਵਿਚ ਦਰਜ ਕੀਤਾ ਜਾਂਦਾ ਹੈ।

29. **Journal ਤੇ Ledger ਵਿਚ ਅੰਤਰ ਦੱਸੋ?**

**Ans.**

| | **Journal** | **Ledger** |
|---|---|---|
| 1 | ਇਹ ਆਰੰਭਿਕ ਲੇਖਿਆ ਦੀ ਪੁਸਤਕ ਹੁੰਦੀ ਹੈ। | ਇਹ ਅੰਤਿਮ ਲੇਖਿਆ ਦੀ ਪੁਸਤਕ ਹੁੰਦੀ ਹੈ। |
| 2 | ਇਹ ਲੇਖੇ ਮਿਤੀਵਾਰ ਕੀਤੇ ਜਾਂਦੇ ਹਨ। | ਇਹ ਮਿਤੀ ਵਾਰ ਨਹੀਂ ਕੀਤੇ ਜਾਂਦੇ। |
| 3 | ਇਹਨਾਂ ਵਿਚ ਸ਼ੁੱਧ ਦਾ ਪਤਾ ਨਹੀਂ ਲਗਦਾ ਹੈ। | ਇਹਨਾਂ ਵਿਚ ਸ਼ੁੱਧ ਦਾ ਪਤਾ ਲਗਦਾ ਹੈ। |
| 4 | ਇਸ ਵਿਚ ਬਾਕੀ ਨਹੀਂ ਕੱਢੀ ਜਾਂਦੀ ਹੈ। | ਇਸ ਵਿਚ ਬਾਕੀ ਕੱਢੀ ਜਾਂਦੀ ਹੈ। |
| 5 | ਇਸ ਵਿਚ ਸਿਰਫ ਆਰੰਭਿਕ ਖਰਚੇ ਸ਼ਾਮਲ ਹਨ। | ਇਸ ਵਿਚ ਸਾਰੇ ਖਰਚੇ ਸ਼ਾਮਲ ਕੀਤੇ ਜਾਂਦੇ ਹਨ। |